# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ ਐਸ.ਸੀ.ਓ. 104-106, ਸੈਕਟਰ 34 ਏ, ਚੰਡੀਗੜ੍ਹ

ਸੇਵਾ ਵਿਖੇ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ)
ਪੰਜਾਬ

ਮੀਮੋ ਨੰ. ਏ.ਐਸ.ਪੀ.ਡੀ(ਮੀਡੀਆ)/ਐਸ.ਐਸ.ਏ/2010/33063-33082
ਮਿਤੀ ਚੰਡੀਗੜ੍ਹ 21.04.2010

**ਵਿਸ਼ਾ : ਪੜ੍ਹੋ ਪੰਜਾਬ ਪ੍ਰੋਜੈਕਟ ਤਹਿਤ ਸਮੂਹ ਪ੍ਰਾਇਮਰੀ ਸਕੂਲਾਂ ਅੰਦਰ ਅਪ੍ਰੈਲ ਅਤੇ ਮਈ ਮਹੀਨੇ ਵਿੱਚ ਰੈਮੀਡੀਅਲ ਕੋਚਿੰਗ ਸਬੰਧੀ।**

1.0 ਉਪਰੋਕਤ ਵਿਸ਼ੇ ਤੇ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਆਪ ਜੀ ਨੂੰ ਪਤਾ ਹੀ ਹੈ ਕਿ ਪੰਜਾਬ ਸਰਕਾਰ ਵੱਲੋਂ ਪੜ੍ਹੋ ਪੰਜਾਬ ਪ੍ਰੋਜੈਕਟ ਜੋ ਕਿ ਸਮੂਹ ਪ੍ਰਾਇਮਰੀ ਸਕੂਲਾਂ ਅੰਦਰ ਸਿੱਖਿਆ ਅੰਦਰ ਗੁਣਵੱਤਾ ਦੇ ਸੁਧਾਰ ਪੱਖੋਂ ਚਲਾਇਆ ਜਾ ਰਿਹਾ ਹੈ। ਸਾਲ 2010-11 ਲਈ ਅਪ੍ਰੈਲ ਅਤੇ ਮਈ ਦੇ ਦੋ ਮਹੀਨੇ ਰੈਮੀਡੀਅਲ ਕੋਚਿੰਗ ਦੇ ਮਹੀਨੇ ਰੱਖੇ ਗਏ ਹਨ। ਜਿਸ ਦੌਰਾਨ ਪੂਰੇ ਸਕੂਲ ਦੇ ਬੱਚਿਆਂ ਤੇ ਵਿਸ਼ੇਸ਼ ਫੋਕਸ ਕੀਤਾ ਜਾਵੇਗਾ ਜਿਹੜੇ ਕਿਸੇ ਕਾਰਨ ਕਰਕੇ ਟੀਚਿਆਂ ਤੋਂ ਪਿੱਛੇ ਰਹਿ ਗਏ ਸਨ।

3.0 ਇਹ ਸਮਾਂ ਅਗਲੇ ਸਾਲ ਲਈ ਸਭ ਤੋਂ ਮਹੱਤਵਪੂਰਨ ਤੇ ਫੈਸਲਾਕੁਨ ਸਮਾਂ ਹੈ ਕਿਉਂਕਿ ਇਸ ਵਾਰੀ ਚੌਥੀ ਅਤੇ ਪੰਜਵੀ ਨੂੰ ਪਾਠਕ੍ਰਮ ਨਾਲ ਜੋੜਿਆ ਜਾ ਰਿਹਾ ਹੈ। ਪਾਠਕ੍ਰਮ ਨਾਲ ਜੋੜਨ ਤੋ ਪਹਿਲਾਂ ਇਹ ਜਰੂਰੀ ਹੈ ਕਿ ਚੌਥੀ ਪੰਜਵੀ ਦਾ ਹਰੇਕ ਬੱਚਾ (ਕਹਾਣੀ+ਭਾਗ) ਦਾ ਟੀਚਾ ਪੂਰਾ ਕਰਦਾ ਹੋਵੇ ਤੇ ਇਹੀ ਰੈਮੀਡੀਅਲ ਕੋਚਿੰਗ ਦਾ ਉਦੇਸ਼ ਹੈ।

4.0 **ਵਿਸ਼ੇਸ ਧਿਆਨਯੋਗ ਗੱਲਾਂ:-**

(ੳ) ਇਸ ਸਮੇਂ ਦੌਰਾਨ ਮਹਿਲ ਵੰਡ ਪਿਛਲੇ ਸ਼ੈਸ਼ਨ (2009-10) ਵਾਲੀ ਹੋਵੇਗੀ।

(ਅ) ਟੀਚੇ ਵੀ ਪਿਛਲੇ ਸ਼ੈਸ਼ਨ ਵਾਲੇ ਹੀ ਹੋਣਗੇ।

(ੲ) ਟੀਚਾ ਪ੍ਰਾਪਤ ਕਰ ਚੁੱਕੇ ਬੱਚਿਆਂ ਨੂੰ ਉੱਥੇ ਹੀ ਰੱਖ ਕੇ ਉਹਨਾਂ ਦੇ ਪੜ੍ਹਨ-ਲਿਖਣ ਵਿੱਚ ਵਧੇਰੇ ਸੁਧਾਰ ਕੀਤਾ ਜਾਵੇਗਾ।

(ਸ) ਟੀਚੇ ਤੋਂ ਥੱਲੇ ਰਹੇ ਬੱਚੇ ਨੂੰ ਹਰ ਹਾਲਤ ਵਿਚ ਟੀਚਾ ਤੇ ਲੈ ਕੇ ਜਾਇਆ ਜਾਵੇਗਾ।

5.0 **ਵਰਤੀ ਜਾਣ ਵਾਲੀ ਸਮੱਗਰੀ:**

ਹਰ ਮਹਿਲ ਵਿਚ ਪਹਿਲਾਂ ਹੀ ਪ੍ਰਾਪਤ ਸਾਰੀ ਸਮੱਗਰੀ ਜੋ ਕਿ ਸਕੂਲਾਂ ਅੰਦਰ ਪਹਿਲਾਂ ਹੀ ਉਪਲਬਧ ਹੈ ਵਰਤੀ ਜਾਣੀ ਹੈ।

6.0 **ਕੀਤੀਆਂ ਜਾਣ ਵਾਲੀਆਂ ਕਿਰਿਆਵਾਂ:-**

(ੳ). ਤੀਜੀ ਤੋਂ ਪਰਮੋਟ ਹੋ ਕੇ ਨਵੀ ਬਣੀ ਚੌਥੀ ਜਮਾਤ ਨੂੰ ਪੈਰ੍ਹੇ ਤੋਂ ਕਹਾਣੀ ਤੱਕ ਲੈਕੇ ਜਾਣ ਲਈ ਪੈਰ੍ਹਾ, ਕਹਾਣੀ ਵਾਲੀਆਂ ਸਾਰੀਆਂ ਕਿਰਿਆਵਾਂ ਕਰਵਾਈਆਂ ਜਾਣਗੀਆਂ।

**ਚੱਲਦਾ ਪੰਨਾ ਨੰ. 02**

(ਅ). ਕਹਾਣੀ ਦਾ ਟੀਚਾ ਪ੍ਰਾਪਤ ਕਰ ਚੁੱਕੇ ਬੱਚਿਆਂ ਨੂੰ ਹੇਠ ਲਿਖੀਆਂ ਕਿਰਿਆਵਾਂ ਕਰਵਾਉਣੀਆਂ ਹਨ:-

- ਲਿਖਾਈ ਸੁਧਾਰਨ ਲਈ ਹਰ ਰੋਜ਼ ਸੁਲੇਖ ਲਿਖਵਾਉਣੇ।
- ਡਿਕਟੇਟ ਕਰਕੇ ਸ਼ਬਦ ਅਤੇ ਵਾਕ ਲਿਖਵਾਉਣੇ।
- ਰੀਡਿੰਗ ਸੈਲ ਦੀਆਂ ਕਿਤਾਬਾਂ ਨਾਲ ਜੋੜਨਾ।
- ਅੰਬਰ ਵੱਲ ਪਰਵਾਜ ਪੜ੍ਹਨ ਲਈ ਦੇਣਾ।
- ਸੋਚੋ ਬੋਲੋ,ਲਿਖੋ ਤੇ ਵਿਸ਼ੇਸ਼ ਜੋਰ ਦੇਣ।
- ਲਿਖਾਈ ਅਤੇ ਪੜ੍ਹਾਈ ਦੇ ਮੁਕਾਬਲੇ ਕਰਵਾਉਣਾ।

7.0 ਇਸ ਸਾਲ ਪਹਿਲੀ ਜਮਾਤ ਤੋਂ ਹੀ ਅੰਗਰੇਜ਼ੀ ਦੇ ਟੀਚੇ ਨਿਰਧਾਰਤ ਕੀਤੇ ਗਏ ਹਨ ਸੋ ਅਪ੍ਰੈਲ ਅਤੇ ਮਈ ਮਹੀਨੇ ਦੌਰਾਨ ਅੰਗਰੇਜ਼ੀ ਵਿੱਚ ਬੱਚਿਆਂ ਨੂੰ ਸੈਲਫ਼ ਇਟਰੋਡੱਕਸ਼ਨ, ਦੋ ਰਾਇਮਸ, ਰਾਇਟਿੰਗ ਸਕਿੱਲ, ਪਾਰਟ ਆਫ਼ ਬਾਡੀ ਆਦਿ ਕ੍ਰਿਆਵਾਂ ਜ਼ਰੂਰ ਕਰਵਾਈਆਂ ਜਾਣ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**

ਪਿੱਠ ਅੰਕਣ ਨੰ: ਉਕਤ 33083 ਮਿਤੀ 21.04.10

ਉਤਾਰਾ: (1) ਸਮੂਹ ਜ਼ਿਲ੍ਹਾ ਕੋਆਰਡੀਨੇਟਰ ਪੜ੍ਹੋ ਪੰਜਾਬ ।
(2) ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ, ਪੰਜਾਬ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**